ਸਭ ਹਕ ਰਾਖਵੇਂ ਹਨ।

ਤਵਾਰੀਖ ਹਿੰਦ ਪ੍ਰਸ਼ਨੋਤ੍ਰੀ

ਹਿੱਸਾ ਪਹਿਲਾ

185

ਰਚਿਤ

ਗਿਆਨੀ ਨਿਹਾਲ ਸਿੰਘ
ਸੀਨੀਅਰ ਵਰਨੈਕੂਲਰ ਟੀਚਰ ਅੰਮ੍ਰਿਤਸਰ

ਪ੍ਰਕਾਸ਼ਕ

ਲਾ: ਦੇਵੀ ਦਾਸ ਜਾਨਕੀ ਦਾਸ
ਛਾਪਣ ਤੇ ਵੇਚਣ ਵਾਲੇ
ਮੋਹਨ ਲਾਲ ਰੋਡ
ਲਾਹੌਰ

ਸ੍ਰੀ ਦਰਬਾਰ
94

ਸ) ਦੇਵੀ ਦਾਸ ਪ੍ਰਿੰਟਿੰਗ ਪ੍ਰੈਸ
ਤਸਰ ਵਿਚ ਛਪਿਆ।।

G.940

ਤਵਾਰੀਖ ਹਿੰਦ ਪ੍ਰਸ਼ਨੋਤ੍ਰੀ

ਹਿੱਸਾ ਪਹਿਲਾ

ਸਵਾਲ—ਤਵਾਰੀਖ ਕਿਸਨੂੰ ਆਖਦੇ ਹਨ ਤੇ ਇਸਦਾ ਕੀ ਲਾਭ ਹੁੰਦਾ ਹੈ ?

ਉੱਤਰ—ਤਵਾਰੀਖ ਉਹ ਵਿੱਦਿਆ ਹੈ, ਜਿਸ ਤੋਂ ਕਿਸੇ ਦੇਸ ਦੇ ਬਹੁਤ ਪੁਰਾਣੇ ਸਮਿਆਂ ਦਾ ਹਾਲ ਅਤੇ ਘਟਨਾਵਾਂ ਦਾ ਪਤਾ ਲੱਗੇ। ਤਵਾਰੀਖ ਦੇ ਬਹੁਤ ਲਾਭ ਹਨ:--(੧) ਆਪਣੇ ਦੇਸ਼ ਦੇ ਪੁਰਾਣੇ ਸਮੇਂ ਦੀ ਹਾਲਤ ਤੇ ਆਪਣੇ ਵੱਡਿਆਂ ਵਡੇਰਿਆਂ ਦੇ ਜੀਵਨ ਦਾ ਪਤਾ ਲੱਗਦਾ ਹੈ। (੨) ਦੇਸ਼ ਦੀ ਤੁੱਕੀ ਜਾਂ ਘਾਟੇ ਦੀ ਹਾਲਤ ਦਾ ਪਤਾ ਲੱਗਦਾ ਹੈ। (੩) ਪੁਰਾਣੇ ਸਮੇਂ ਦੇ ਲੋਕਾਂ ਦੀ ਰਹਿਣੀ ਬਹਿਣੀ ਤੇ ਰਵਾਜ਼ਾਂ ਦਾ ਪਤਾ ਲੱਗਦਾ ਹੈ। (੪) ਕਿਸੇ ਰਾਜੇ ਦੀ ਨੇਕੀ ਜਾਂ ਜੁਲਮ ਦਾ ਪਤਾ ਲੱਗਦਾ ਹੈ। (੫) ਇਸ ਤੋਂ ਰਾਜਨੀਤਕ ਤੇ ਭਾਈਚਾਰਕ, ਕਈ ਤਰ੍ਹਾਂ ਦੀਆਂ ਸਿੱਖਿਆਂ ਮਿਲਦੀਆਂ ਹਨ। (੬) ਤਵਾਰੀਖ ਗੱਲਾਂ ਦਾ ਦਿਲ ਅਤੇ ਜੀਵਨ ਤੇ ਬੜਾ ਅਸਰ ਪੈਂਦਾ ਹੈ। (੭) ਦਿਲਾਂ ਅੰਦਰ

ਜੋਸ਼ ਤੇ ਬਹਾਦਰੀ ਉਮਗਦੀ ਹੈ, ਅਤੇ ਕਈ ਪਰਕਾਰ ਦੀ ਨਸੀਹਤ ਮਿਲਦੀ ਹੈ।

ਸਵਾਲ—ਭਾਰਤ ਵਰਸ਼ ਦੇ ਪੁਰਾਣੇ ਲੋਕਾਂ ਬਾਬਤ ਤੁਸੀਂ ਕੀ ਜਾਣਦੇ ਹੋ ?

ਉੱਤਰ—ਬਹੁਤ ਪੁਰਾਣੇ ਸਮੇਂ ਵਿੱਚ ਹਿੰਦੁਸਤਾਨ ਇਕ ਜੰਗਲੀ ਮੁਲਕ ਸੀ। ਸ਼ਹਿਰ ਪਿੰਡ ਜਾਂ ਕਸਬੇ ਕਿਤੇ ਨਹੀਂ ਸਨ। ਲੋਕ ਰੁੱਖਾਂ ਅਤੇ ਖੁੰਦਰਾਂ ਵਿੱਚ ਰਹਿੰਦੇ ਅਤੇ ਜੰਗਲਾਂ ਵਿੱਚ ਵਹਿਸ਼ੀਆਂ ਵਾਂਗ ਫਿਰਦੇ ਰਹਿੰਦੇ ਸਨ। ਜੰਗਲੀ ਮੇਵੇ, ਸਾਗ ਆਦਿਕ ਖਾਂਦੇ ਸਨ ਤੇ ਜੰਗਲੀ ਜਨੌਰਾਂ ਦਾ ਸ਼ਿਕਾਰ ਕਰਦੇ ਸਨ। ਪੱਥਰਾਂ ਨਾਲ ਪੱਥਰ ਮਾਰਕੇ ਅੱਗ ਬਾਲਦੇ ਸਨ ਅਤੇ ਪੱਥਰਾਂ ਤੋਂ ਹੱਥਯਾਰ ਦਾ ਕੰਮ ਲੈਂਦੇ ਸਨ। ਇਸੇ ਸਮੇਂ ਨੂੰ **ਪੱਥਰ ਦਾ ਸਮਾਂ** ਆਖਦੇ ਹਨ।

ਇਸ ਤੋਂ ਪਿੱਛੋਂ ਲੋਕਾਂ ਨੇ ਕੁਝ ਤਰੱਕੀ ਕੀਤੀ ਅਤੇ ਸਿਆਣੇ ਹੋ ਗਏ। ਆਪਣੇ ਸਰੀਰ ਪੱਤਿਆਂ ਤੇ ਜਾਨਵਰਾਂ ਦੀਆਂ ਖੱਲਾਂ ਨਾਲ ਢੱਕਣ ਲੱਗ ਪਏ। ਲੋਹੇ ਦੇ ਹੱਥਿਆਰ ਵਰਤਣ ਲਗ ਪਏ ਅਤੇ ਮਿੱਟੀ ਦੇ ਭਾਂਡਿਆਂ ਵਿੱਚ ਚੀਜਾਂ ਰਿੰਨ੍ਹਣ ਲੱਗ ਪਏ। ਜੰਗਲ ਸਾਫ ਕਰ ਕੇ ਏਨ੍ਹਾਂ ਥਾਵਾਂ ਤੇ ਵਾਹੀ ਕਰਨ ਲੱਗ ਪਏ। ਇਸ ਸਮੇਂ ਨੂੰ **ਧਾਂਤ ਦਾ ਸਮਾਂ** ਆਖਦੇ ਹਨ, ਅਤੇ ਏਨ੍ਹਾਂ ਲੋਕਾਂ ਨੂੰ ਧਾਤ ਦੇ ਸਮੇਂ ਦੇ ਲੋਕ ਕਿਹਾ ਜਾਂਦਾ ਹੈ।

27782

ਸਵਾਲ—ਆਰੀਆਂ ਤੋਂ ਪਹਿਲੋਂ ਹਿੰਦੁਸਤਾਨ ਵਿਚ ਕਿਹੜੀਆਂ ਕਿਹੜੀਆਂ ਕੌਮਾਂ ਵੱਸਦੀਆਂ ਸਨ। ਉਨ੍ਹਾਂ ਦੀ ਰਹਿਣੀ ਬਹਿਣੀ ਦਾ ਢੰਗ ਵੀ ਲਿਖੋ ?

ਉਤਰ—ਆਰੀਆਂ ਦੇ ਹਿੰਦੁਸਤਾਨ ਵਿੱਚ ਆਉਣ ਤੋਂ ਪਹਿਲੋਂ ਉੱਵ ਤੇ ਕਈ ਕੌਮਾਂ ਵੱਸਦੀਆਂ ਸਨ, ਪਰ ਓਨ੍ਹਾਂ ਵਿਚੋਂ ਕੋਲ, ਦਰਾਵੜ ਅਤੇ ਮੰਗੋਲ ਮਸ਼ਹੂਰ ਕੌਮਾਂ ਸਨ।

ਕੋਲ—ਇਹ ਲੋਕ ਧਾਤ ਦੇ ਸਮੇਂ ਦੇ ਲੋਕਾਂ ਨਾਲੋਂ ਸਿਆਣੇ ਸਨ। ਏਨ੍ਹਾਂ ਦਾ ਨਿਰਬਾਹ ਸ਼ਕਾਰ ਤੇ ਸੀ, ਵਾਹੀ ਕਰਨੀ ਵੀ ਜਾਣਦੇ ਸਨ। ਇਹ ਕਈਆਂ ਕਬੀਲਿਆਂ ਵਿੱਚ ਵੰਡੇ ਹੋਏ ਸਨ। ਹਰ ਇੱਕ ਕਬੀਲਾ ਇੱਕ ਬਿਰਧ ਸਰਦਾਰ ਦੇ ਅਧੀਨ ਇੱਕ ਪਿੰਡ ਵਿੱਚ ਰਹਿੰਦਾ ਸੀ। ਅਨਪੜ੍ਹ ਤੇ ਅਕਲ ਦੇ ਘਾਟੇ ਕਰਕੇ ਇਹ ਲੋਕ ਭੂਤਾਂ ਕੋਲੋਂ ਡਰਦੇ ਅਤੇ ਮੁਰਦਿਆਂ ਦੀਆਂ ਰੂਹਾਂ ਨੂੰ ਪੂਜਦੇ ਸਨ। ਖਾਣ ਵਾਲੀਆਂ ਚੀਜ਼ਾਂ ਏਨ੍ਹਾਂ ਦੀ ਭੇਟਾ ਚੜ੍ਹਾਉਂਦੇ ਸਨ। ਹੁਣ ਤਾਈਂ ਏਨ੍ਹਾਂ ਦੀਆਂ ਨਸਲਾਂ ਸੰਥਾਲ, ਭੀਲ ਅਤੇ ਗੋਂਡ, ਉਤ੍ਰੀ ਬੰਗਾਲ, ਮੱਧ ਪ੍ਰਾਂਤ, ਛੋਟਾ ਨਾਗਪੁਰ ਅਤੇ ਉੜੀਸਾ ਵਿੱਚ ਵੱਸਦੀਆਂ ਹਨ।

ਦਰਾਵੜ—ਕੋਲਾਂ ਦੇ ਸਮੇਂ ਉਤ੍ਰੀ ਹਿੰਦ ਵਿਦ ਇੱਕ ਕੌਮ ਦਰਾਵੜ ਵੀ ਵਸਦੀ ਸੀ। ਇਹ ਕੋਲਾਂ ਨਾਲੋਂ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.